ਮੇਰੀ ਨਿਜੀ ਡਾਇਰੀ ਦੇ ਪੰਨੇ

- ਜੋਗਿੰਦਰ ਸਿੰਘ

ਜਿਹੜੀ ਕੌਮ ਅਪਣੇ ਵਿਦਵਾਨਾਂ/ਕਲਮਕਾਰਾਂ ਦੀ ਪਿਠ ਤੇ ਵੀ ਖੜੀ ਨਾ ਹੋਵੇ...

ਕੰਨ ਖਜੂਰੇ ਦੀ ਮਾਰ ਹੇਠ ਆਈ ਹੋਈ ਕੌਮ ਨੂੰ ਇਹ ਜ਼ਰੂਰ ਪੁਛਣਾ ਹੈ ਕਿ ਤੁਸੀ ਸਿੱਖੀ ਦੇ ਹੱਕ ਵਿਚ ਡਟਣ ਵਾਲਿਆਂ ਦੀ ਪਿਠ ਤੇ ਕਦੋਂ ਖੜੇ ਹੋਵੋਗੇ? ਤੁਸੀ ਤਾਂ ਉਦੋਂ ਵੀ ਨਹੀਂ ਸੀ ਖੜੇ ਹੋਏ ਜਦ ਪ੍ਰੋ. ਗੁਰਮੁਖ ਸਿੰਘ ਤੇ ਗਿ. ਦਿਤ ਸਿੰਘ ਨੂੰ ਅੱਡੀਆਂ ਰਗੜ ਰਗੜ ਕੇ, ਭੁੱਖ ਅਤੇ ਬੀਮਾਰੀ ਕਾਰਨ ਜਾਨ ਦੇਣੀ ਪੈ ਰਹੀ ਸੀ। ਤੁਸੀ ਪੁਜਾਰੀਆਂ ਤੋਂ ਡਰਦਿਆਂ, ਉਨ੍ਹਾਂ ਦੇ ਨੇੜੇ ਵੀ ਨਹੀਂ ਸੀ ਢੁਕੇ। ਚਲੋ ਉਹ ਬੀਤੇ ਦੀ ਗੱਲ ਹੈ ਤਾਂ ਅੱਜ ਪ੍ਰੋ. ਇੰਦਰ ਸਿੰਘ ਘੱਗਾ ਤੇ ਸ. ਯਸ਼ਪਾਲ ਸਿੰਘ ਦੇ ਹੱਕ ਵਿਚ ਕਿੰਨੇ ਕੁ ਖੜੇ ਹੋਏ ਹੋ? ਅਨੇਕਾਂ ਅਕਾਲੀ ਦਲ ਹਨ, ਅਨੇਕਾਂ ਪੰਥਕ ਜਥੇਬੰਦੀਆਂ ਹਨ, ਸਿੱਖੀ ਦੇ ਨਾਂ ਤੇ ਕਮਾਈਆਂ ਕਰਨ ਵਾਲੇ ਅਨੇਕਾਂ ਪ੍ਰਚਾਰਕ ਹਨ, ਰਾਗੀ ਹਨ, ਕਥਾਕਾਰ ਹਨ, ਸਟੇਜਾਂ ਤੇ ਬੋਲਣ ਵਾਲੇ ਵਿਦਵਾਨ ਹਨ, ਸਿੱਖੀ ਦਾ ਫ਼ਲਸਫ਼ਾ ਸਮਝਾਉਣ ਵਾਲੇ ਲੇਖਕ ਹਨ, ਕੈਸਿਟਾਂ ਬਣਾ ਕੇ ਸਿੱਖੀ ਦੇ ਗੁਣ ਗਾਣ ਕਰਨ ਵਾਲੇ ਹਨ, ਪੱਤਰਕਾਰ ਹਨ, ਕਵੀ ਹਨ, ਜਥੇਦਾਰ ਹਨ----ਇਨ੍ਹਾਂ ਸਾਰਿਆਂ ਨੂੰ ਸਿੱਖੀ ਦਾ ਝੰਡਾ ਚੁੱਕਣ ਵਾਲੇ ਅਤੇ ਸਿੱਖ ਫ਼ਲਸਫ਼ੇ ਨੂੰ ਸਪੱਸ਼ਟ ਕਰਨ ਵਾਲੇ ਹਰ ਵਿਦਵਾਨ ਤੇ ਬੁਧੀਜੀਵੀ ਦਾ ਕੇਸ, ਅਪਣਾ ਕੇਸ ਬਣਾ ਕੇ ਆਪ ਲੜਨਾ ਚਾਹੀਦਾ ਹੈ। ਕਮਿਊਨਿਸਟਾਂ ਤੋਂ ਹੀ ਸਿਖੋ। ਇਕ ਮਾਰਕਸਵਾਦੀ ਲੇਖਕ, ਕਲਾਕਾਰ ਉਤੇ ਕੇਸ ਕਰ ਦਿਤਾ ਜਾਏ ਤਾਂ ਸਾਰੇ ਹਿੰਦੁਸਤਾਨ ਦੇ ਮਾਰਕਸਵਾਦੀ ਲੇਖਕ, ਬੁਧੀਜੀਵੀ, ਕਲਾਕਾਰ, ਸ਼ਹਿਦ ਦੀਆਂ ਮੱਖੀਆਂ ਵਾਂਗ ਪੁਲਿਸ, ਸਰਕਾਰਾਂ ਨੂੰ ਪੈ ਜਾਂਦੇ ਹਨ ਤੇ ਫਸੇ ਮਾਰਕਸੀ ਨੂੰ ਛੁਡਵਾ ਕੇ ਹੀ ਸਾਹ ਲੈਂਦੇ ਹਨ। ਇਧਰ ਸਿੱਖਾਂ ਦੀ ਹਾਲਤ ਕੀ ਹੈ? ਦਰਬਾਰ ਸਾਹਿਬ ਦੇ ਸਾਬਕਾ ਹੈੱਡ ਗ੍ਰੰਥੀ ਗਿ. ਜਗਤਾਰ ਸਿੰਘ ਜਾਚਕ ਪਰਸੋਂ ਆਏ ਸੀ ਤੇ ਮੈਨੂੰ ਅੰਦਰ ਦੀਆਂ ਗੱਲਾਂ ਦਸ ਕੇ ਗਏ ਹਨ ਜਿਨ੍ਹਾਂ ਨੂੰ ਸੁਣ ਕੇ ਨਿਰਾਸ਼ਾ ਹੋਰ ਵੱਧ ਜਾਂਦੀ ਹੈ।

ਛੋਟੇ ਹੁੰਦਿਆਂ, ਸਾਡੇ ਸ਼ਹਿਰ (ਅੰਬਾਲਾ) ਵਿਚ ਇਕ ਪੁਰਾਣਾ ਮਕਾਨ ਢਹਿ ਪਿਆ ਤੇ ਮਿੱਟੀ ਦੀਆਂ ਕੰਧਾਂ ਵਿਚੋਂ ਕਈ ਜ਼ਹਿਰੀਲੇ ਜੰਤੂ ਵੀ ਬਾਹਰ ਆਏ ਜਿਨ੍ਹਾਂ 'ਚ ਇਕ ਨੂੰ 'ਗੋਹ' ਕਹਿੰਦੇ ਸਨ---ਛੋਟੇ ਸੱਪ ਜਿੰਨੀ ਪਰ ਆਮ ਸੱਪ ਤੋਂ ਜ਼ਰਾ ਭਾਰੀ ਜਹੀ ਤੇ ਦੂਜਾ 'ਕੰਨ ਖਜੂਰਾ' ਸੀ। ਸਕੂਲੋਂ ਘਰ ਜਾਂਦਿਆਂ, ਅਸੀ ਮੁੰਡੇ ਵੀ ਉਸ ਢੱਠੇ ਹੋਏ ਮਕਾਨ ਦੇ ਖਿਲਰੇ ਹੋਏ ਮਲਬੇ ਨੂੰ ਵੇਖਣ ਲੱਗ ਪਏ। ਉਥੇ ਹੀ ਸਾਨੂੰ 'ਕੰਨ ਖਜੂਰਾ' ਵੀ ਪਹਿਲੀ ਵਾਰ ਵੇਖਣ ਨੂੰ ਮਿਲਿਆ। 15-20 ਖਜੂਰਾਂ ਨੂੰ ਜੋੜ ਕੇ ਬਣਾਇਆ ਗਿਆ ਖਿਡੌਣਾ ਜਿਹਾ ਲਗਦਾ ਸੀ ਪਰ ਇਸ ਦੇ ਪੇਟ ਹੇਠਾਂ, ਸੈਂਕੜਿਆਂ ਦੀ ਗਿਣਤੀ ਵਿਚ ਇਸ ਦੇ ਬਰੀਕ ਬਰੀਕ ਪੈਰ ਸਨ ਜਿਨ੍ਹਾਂ ਦੇ ਸਹਾਰੇ ਇਹ ਰੀਂਗਦਾ ਸੀ।

ਉਥੇ ਇਕ ਵੱਡੀ ਉਮਰ ਦਾ ਮੁੰਡਾ ਦਸ ਰਿਹਾ ਸੀ, "ਓਇ ਇਸ ਦੇ ਨੇੜੇ ਨਾ ਜਾਇਉ। ਵੇਖਣ ਨੂੰ ਹੀ ਖਜੂਰ ਵਰਗਾ ਲਗਦਾ ਜੇ ਪਰ ਹੈ ਬੜਾ ਖ਼ਤਰਨਾਕ। ਇਹ ਰੀਂਗਦਾ ਰੀਂਗਦਾ, ਸੁੱਤੇ ਹੋਏ ਬੰਦੇ ਦੇ ਕੰਨ ਵਿਚ ਜਾ ਵੜਦੈ ਤੇ ਹਜ਼ਾਰ ਯਤਨ ਕਰਨ 'ਤੇ ਵੀ ਬਾਹਰ ਨਹੀਂ ਨਿਕਲਦਾ। ਇਸੇ ਲਈ ਇਸ ਨੂੰ ਕੰਨ ਖਜੂਰਾ ਕਹਿੰਦੇ ਨੇ...।"

ਅਸੀ ਦੂਜੀ ਤੀਜੀ ਜਮਾਤ ਦੇ ਬੱਚੇ, ਇਹ ਗੱਲਾਂ ਸੁਣ ਕੇ ਸਚਮੁਚ ਹੀ ਡਰ ਗਏ। ਇਕ ਮੁੰਡਾ ਬੋਲਿਆ, "ਪਰ ਜਮੂਰ ਨਾਲ ਖਿੱਚ ਕੇ ਤਾਂ ਇਹਨੂੰ ਬਾਹਰ ਕੱਢ ਲੈਂਦੇ ਹੋਣੇ ਐਂ।"

ਉਹੀ ਵੱਡਾ ਮੁੰਡਾ ਬੋਲਿਆ, "ਜਮੂਰ ਇਹਦੇ ਸਾਹਮਣੇ ਕੀ ਚੀਜ਼ ਏ? ਜਦ ਇਕ ਵਾਰ ਇਹ ਕੰਨ ਵਿਚ ਵੜ ਜਾਵੇ ਤਾਂ 'ਕਰੇਨ' ਵੀ ਇਹਨੂੰ ਬਾਹਰ ਨਹੀਂ ਕੱਢ ਸਕਦੀ। ਕੰਨ ਦੇ ਅੰਦਰ ਜਾ ਕੇ ਸੌਂ ਜਾਂਦੈ ਤੇ ਫਿਰ ਭਾਵੇਂ ਮਰਦਾ ਮਰ ਜਾਏ ਪਰ ਬਾਹਰ ਨਹੀਂ ਨਿਕਲਦਾ। ਜਿਸ ਬੰਦੇ ਦੇ ਕੰਨ ਵਿਚ ਸੁੱਤਾ ਹੁੰਦੈ, ਉਸ ਦਾ ਜੀਵਨ ਉਂਜ ਮੋਇਆਂ ਵਰਗਾ ਹੋ ਜਾਂਦੈ।"

ਡਰੇ ਹੋਏ ਛੋਟੇ ਮੁੰਡਿਆਂ ਵਿਚੋਂ ਸਾਡਾ ਇਕ ਸਾਥੀ ਹਿੰਮਤ ਕਰ ਕੇ ਬੋਲਿਆ, "ਪਰ ਕੋਈ ਤਾਂ ਤਰੀਕਾ ਹੋਵੇਗਾ, ਕੰਨ ਖਜੂਰੇ ਨੂੰ ਕੰਨ 'ਚੋਂ ਬਾਹਰ ਕੱਢਣ ਦਾ?"

ਉਥੇ ਕਈ ਜਵਾਨ ਤੇ ਬੁੱਢੇ ਵੀ ਇਹ ਗੱਲਾਂ ਸੁਣ ਰਹੇ ਸਨ ਪਰ ਕੋਈ ਉਸ ਨੂੰ ਗ਼ਲਤ ਨਹੀਂ ਸੀ ਕਹਿ ਰਿਹਾ।

ਵੱਡਾ ਮੁੰਡਾ ਇਕ ਖੋਜੀ ਵਿਦਵਾਨ ਵਾਂਗ, ਸਿਰ ਉਤੇ ਜ਼ੋਰ ਦੇ ਕੇ ਬੋਲਿਆ, "ਹਾਂ, ਇਕ ਤਰੀਕਾ ਹੈ, ਕੰਨ ਖਜੂਰੇ ਨੂੰ ਜਗਾ ਕੇ, ਕੰਨ ਵਿਚੋਂ ਬਾਹਰ ਕੱਢਣ ਦਾ। ਸੋਨੇ ਦੀ ਇਕ ਵੱਡੀ ਸਾਰੀ ਢੋਲਕੀ ਬਣਵਾਉਣੀ ਪੈਂਦੀ ਏ ਤੇ ਉਸ ਨੂੰ ਕਈ ਘੰਟੇ ਲਗਾਤਾਰ ਵਜਾਣਾ ਪੈਂਦੈ। ਸੋਨੇ ਦੀ ਢੋਲਕੀ ਦੀ ਆਵਾਜ਼ ਹੀ ਕੰਨ ਖਜੂਰੇ ਨੂੰ ਜਗਾ ਸਕਦੀ ਏ ਤੇ ਬਾਹਰ ਆਉਣ ਲਈ ਤਿਆਰ ਕਰ ਸਕਦੀ ਏ।"

ਸੋਨੇ ਦੀ ਢੋਲਕੀ? ਇਹ ਤਾਂ ਕੋਈ ਬਾਦਸ਼ਾਹ ਹੀ ਬਣਵਾ ਸਕਦੈ... ਅਸੀ ਇਹ ਗੱਲਾਂ ਕਰਦੇ ਕਰਦੇ ਹੀ ਉਥੋਂ ਚਲ ਪਏ ਪਰ ਕਈ ਦਿਨ ਇਸੇ ਬਾਰੇ ਗੱਲਾਂ ਚਲਦੀਆਂ ਰਹੀਆਂ। ਕਈਆਂ ਨੇ ਮਾਪਿਆਂ ਨੂੰ ਵੀ ਪੁਛਿਆ ਪਰ ਮਾਪਿਆਂ ਨੇ ਵੀ ਇਹ ਕਹਿ ਕੇ ਹੀ ਖਹਿੜਾ ਛੁਡਾ ਲਿਆ ਕਿ 'ਤੁਸੀ ਨਾ ਜਾਇਆ ਕਰੋ ਖਾ ਇਹੋ ਜਹੇ ਖ਼ਤਰਨਾਕ ਜੰਤੂਆਂ ਦੇ ਨੇੜੇ। ਜੇ ਤੁਹਾਡੇ ਕੰਨਾਂ ਵਿਚ ਕੰਨ ਖਜੂਰਾ ਵੜ ਗਿਆ ਤਾਂ ਅਸੀ ਨਹੀਂ ਸੋਨੇ ਦੀ ਢੋਲਕੀ ਵਜਾ ਸਕਣੀ...।'

ਅੱਜ ਜਦ ਉਸ ਕੰਨ ਖਜੂਰੇ ਦੀ ਸ਼ਕਲ ਸਾਹਮਣੇ ਆਉਂਦੀ ਹੈ ਤਾਂ ਲਗਦਾ ਹੈ, ਉਹ ਕੰਨ ਖਜੂਰਾ ਸਿੱਖ ਕੌਮ ਦੇ ਕੰਨਾਂ ਵਿਚ ਵੜ ਕੇ ਸੌਂ ਗਿਆ ਹੈ। ਨਾ ਸਿੱਖਾਂ ਨੂੰ ਕੁੱਝ ਸੁਣਾਈ ਦੇਂਦਾ ਹੈ, ਨਾ ਕੰਨ ਖਜੂਰਾ ਬਾਹਰ ਹੀ ਨਿਕਲਦਾ ਹੈ। ਸਿੱਖਾਂ ਦੀ ਹਾਲਤ ਵੀ ਮਰਿਆਂ ਵਰਗੀ ਹੀ ਹੋਈ ਪਈ ਹੈ ਤੇ ਸਿੱਖਾਂ ਦੇ ਹਮਦਰਦ ਵੀ, ਉਨ੍ਹਾਂ ਦੀ ਹਾਲਤ ਵੇਖ ਕੇ ਡਾਢੇ ਪ੍ਰੇਸ਼ਾਨ ਹਨ।

ਕੀ ਮੇਰੀ ਪ੍ਰੇਸ਼ਾਨੀ ਇਸ ਕਰ ਕੇ ਹੈ ਕਿ 'ਉੱਚਾ ਦਰ ਬਾਬੇ ਨਾਨਕ ਦਾ' ਦੀ ਉਸਾਰੀ ਦਾ ਬਹੁਤ ਔਖਾ ਤੇ ਬਹੁਤ ਵੱਡਾ ਕੰਮ ਸ਼ੁਰੂ ਕਰ ਚੁੱਕੇ ਹਾਂ ਤੇ 10 ਹਜ਼ਾਰ ਪਾਠਕਾਂ ਨੂੰ ਵਾਜ ਮਾਰੀ ਸੀ ਕਿ 10-10 ਹਜ਼ਾਰ ਰੁਪਏ ਨਾਲ ਹਿੱਸਾ ਪਾ ਕੇ, ਉਸਾਰੀ ਦਾ ਪੰਜਵਾਂ ਹਿੱਸਾ ਭਾਰ ਅਪਣੇ ਮੋਢਿਆਂ ਉਤੇ ਚੁਕ ਲੈਣ ਪਰ 10 ਹਜ਼ਾਰ ਤਾਂ ਕੀ, ਪੰਜ ਸੌ ਪਾਠਕ ਵੀ ਅੱਗੇ ਨਹੀਂ ਆਏ? ਹਾਂ, ਇਹ ਠੀਕ ਹੈ ਕਿ ਸਪੋਕਸਮੈਨ ਦੇ ਬਹੁਤੇ ਪਾਠਕਾਂ ਦੀ ਬਾਬੇ ਨਾਨਕ ਪ੍ਰਤੀ ਇਸ ਬੇਰੁਖ਼ੀ ਤੋਂ ਮੈਂ ਪ੍ਰੇਸ਼ਾਨ ਜ਼ਰੂਰ ਹਾਂ ਪਰ ਇਹ ਕੋਈ ਵਖਰੀ ਜਹੀ ਪ੍ਰੇਸ਼ਾਨੀ ਨਹੀਂ, ਉਸ ਵੱਡੀ ਪ੍ਰੇਸ਼ਾਨੀ ਦਾ ਹੀ ਹਿੱਸਾ ਹੈ ਜੋ ਇਹ ਹੈ ਕਿ ਅਜੀਬ ਹੈ ਇਹ ਕੌਮ ਜਿਸ ਨੂੰ ਬਾਬੇ ਨਾਨਕ ਨੇ ਅਕਾਲ ਪੁਰਖ ਨਾਲ ਜੋੜ ਕੇ ਬਹੁਤ ਉੱਚਾ ਦਰਜਾ ਦਿਤਾ ਸੀ ਤੇ ਹੋਰ ਕਿਸੇ ਨਾਲ ਵੀ ਜੁੜਨ ਤੋਂ ਰੋਕਿਆ ਸੀ ਪਰ ਇਹ ਅਰਦਾਸ ਕਰਦੀ ਹੈ ਤਾਂ ਪ੍ਰਿਥਮ ਭਗਉਤੀ ਨੂੰ ਸਿਮਰਦੀ ਹੈ, ਗੁਰਦਵਾਰੇ ਜਾਂਦੀ ਹੈ ਤਾਂ ਕਿਸੇ ਹੋਰ ਕੌਮ ਨਾਲੋਂ ਜ਼ਿਆਦਾ ਕਰਮ-ਕਾਂਡ ਕਰਦੀ ਹੈ, ਗੁਰਬਾਣੀ ਵਿਚ ਦਿਤੇ ਹਰ ਆਦੇਸ਼ ਦੇ ਉਲਟ ਚਲ ਕੇ ਵੀ ਮੱਥੇ ਟੇਕਣ ਵਿਚ ਸੱਭ ਤੋਂ ਅੱਗੇ ਹੈ, ਧਰਮ ਨੂੰ ਸਿਆਸਤਦਾਨਾਂ ਦੇ 100 ਫ਼ੀ ਸਦੀ ਕਬਜ਼ੇ ਹੇਠ ਦੇ ਦੇਣ ਵਾਲੀ ਇਕੋ ਇਕ ਕੌਮ ਬਣ ਚੁੱਕੀ ਹੈ ਭਾਵੇਂ ਕਿ ਉਨ੍ਹਾਂ ਲੀਡਰਾਂ ਨੂੰ ਹੁਣ ਅਪਣੇ ਆਪ ਨੂੰ 'ਪੰਥਕ ਲੀਡਰ' ਅਖਵਾਉਣਾ ਵੀ ਪਸੰਦ ਨਹੀਂ ਰਿਹਾ, ਪੁਜਾਰੀਵਾਦ ਦੇ ਹੁਕਮਾਂ ਅੱਗੇ ਸਿਰ ਨਿਵਾਉਣ ਵਾਲੀ ਤੇ ਇਨ੍ਹਾਂ ਹੁਕਮਾਂ ਨੂੰ ਇਲਾਹੀ ਹੁਕਮ ਮੰਨਣ ਵਾਲੀ ਵੀ ਇਕੋ ਇਕ ਕੌਮ ਬਣ ਗਈ ਹੈ, ਨੌਜੁਆਨ ਨਸ਼ਿਆਂ ਤੇ ਪਤਿਤਪੁਣੇ ਵਲ ਦੌੜ ਰਹੇ ਹਨ, ਆਰ.ਐਸ.ਐਸ. ਵਾਲੇ ਇਨ੍ਹਾਂ ਨੂੰ 'ਹਿੰਦੂ' ਕਹਿਣ ਲੱਗ ਪਏ ਹਨ... ਪਰ ਕੌਮ ਜਾਗ ਹੀ ਨਹੀਂ ਰਹੀ, ਬਚਣ ਦਾ ਉਪਰਾਲਾ ਕਰਨ ਦੀ ਤਾਂ ਗੱਲ ਹੀ ਛੱਡੋ।

ਕੰਨ ਖਜੂਰਾ ਤੇ ਸਿੱਖ

ਉਥੇ ਇਕ ਵੱਡੀ ਉਮਰ ਦਾ ਮੁੰਡਾ ਦਸ ਰਿਹਾ ਸੀ, "ਓਇ ਇਸ ਦੇ ਨੇੜੇ ਨਾ ਜਾਇਉ। ਵੇਖਣ ਨੂੰ ਹੀ ਖਜੂਰ ਵਰਗਾ ਲਗਦਾ ਜੇ ਪਰ ਹੈ ਬੜਾ ਖ਼ਤਰਨਾਕ। ਇਹ ਰੀਂਗਦਾ ਰੀਂਗਦਾ, ਸੁੱਤੇ ਹੋਏ ਬੰਦੇ ਦੇ ਕੰਨ ਵਿਚ ਜਾ ਵੜਦੈ ਤੇ ਹਜ਼ਾਰ ਯਤਨ ਕਰਨ 'ਤੇ ਵੀ ਬਾਹਰ ਨਹੀਂ ਨਿਕਲਦਾ। ਇਸੇ ਲਈ ਇਸ ਨੂੰ ਕੰਨ ਖਜੂਰਾ ਕਹਿੰਦੇ ਨੇ...।"

ਅਸੀ ਦੂਜੀ ਤੀਜੀ ਜਮਾਤ ਦੇ ਬੱਚੇ, ਇਹ ਗੱਲਾਂ ਸੁਣ ਕੇ ਸਚਮੁਚ ਹੀ ਡਰ ਗਏ। ਇਕ ਮੁੰਡਾ ਬੋਲਿਆ, "ਪਰ ਜਮੂਰ ਨਾਲ ਖਿੱਚ ਕੇ ਤਾਂ ਇਹਨੂੰ ਬਾਹਰ ਕੱਢ ਲੈਂਦੇ ਹੋਣੇ ਐਂ।"

ਉਹੀ ਵੱਡਾ ਮੁੰਡਾ ਬੋਲਿਆ, "ਜਮੂਰ ਇਹਦੇ ਸਾਹਮਣੇ ਕੀ ਚੀਜ਼ ਏ? ਜਦ ਇਕ ਵਾਰ ਇਹ ਕੰਨ ਵਿਚ ਵੜ ਜਾਵੇ ਤਾਂ 'ਕਰੇਨ' ਵੀ ਇਹਨੂੰ ਬਾਹਰ ਨਹੀਂ ਕੱਢ ਸਕਦੀ। ਕੰਨ ਦੇ ਅੰਦਰ ਜਾ ਕੇ ਸੌਂ ਜਾਂਦੈ ਤੇ ਫਿਰ ਭਾਵੇਂ ਮਰਦਾ ਮਰ ਜਾਏ ਪਰ ਬਾਹਰ ਨਹੀਂ ਨਿਕਲਦਾ। ਜਿਸ ਬੰਦੇ ਦੇ ਕੰਨ ਵਿਚ ਸੁੱਤਾ ਹੁੰਦੈ, ਉਸ ਦਾ ਜੀਵਨ ਉਂਜ ਮੋਇਆਂ ਵਰਗਾ ਹੋ ਜਾਂਦੈ।"

ਡਰੇ ਹੋਏ ਛੋਟੇ ਮੁੰਡਿਆਂ ਵਿਚੋਂ ਸਾਡਾ ਇਕ ਸਾਥੀ ਹਿੰਮਤ ਕਰ ਕੇ ਬੋਲਿਆ, "ਪਰ ਕੋਈ ਤਾਂ ਤਰੀਕਾ ਹੋਵੇਗਾ, ਕੰਨ ਖਜੂਰੇ ਨੂੰ ਕੰਨ 'ਚੋਂ ਬਾਹਰ ਕੱਢਣ ਦਾ?"

ਉਥੇ ਕਈ ਜਵਾਨ ਤੇ ਬੁੱਢੇ ਵੀ ਇਹ ਗੱਲਾਂ ਸੁਣ ਰਹੇ ਸਨ ਪਰ ਕੋਈ ਉਸ ਨੂੰ ਗ਼ਲਤ ਨਹੀਂ ਸੀ ਕਹਿ ਰਿਹਾ।

ਵੱਡਾ ਮੁੰਡਾ ਇਕ ਖੋਜੀ ਵਿਦਵਾਨ ਵਾਂਗ, ਸਿਰ ਉਤੇ ਜ਼ੋਰ ਦੇ ਕੇ ਬੋਲਿਆ, "ਹਾਂ, ਇਕ ਤਰੀਕਾ ਹੈ, ਕੰਨ ਖਜੂਰੇ ਨੂੰ ਜਗਾ ਕੇ, ਕੰਨ ਵਿਚੋਂ ਬਾਹਰ ਕੱਢਣ ਦਾ। ਸੋਨੇ ਦੀ ਇਕ ਵੱਡੀ ਸਾਰੀ ਢੋਲਕੀ ਬਣਵਾਉਣੀ ਪੈਂਦੀ ਏ ਤੇ ਉਸ ਨੂੰ ਕਈ ਘੰਟੇ ਲਗਾਤਾਰ ਵਜਾਣਾ ਪੈਂਦੈ। ਸੋਨੇ ਦੀ ਢੋਲਕੀ ਦੀ ਆਵਾਜ਼ ਹੀ ਕੰਨ ਖਜੂਰੇ ਨੂੰ ਜਗਾ ਸਕਦੀ ਏ ਤੇ ਬਾਹਰ ਆਉਣ ਲਈ ਤਿਆਰ ਕਰ ਸਕਦੀ ਏ।"

ਕੰਨ ਖਜੂਰਾ ਅੱਜ ਸਿੱਖ ਕੌਮ ਦੇ ਕੰਨਾਂ ਮਗਰੋਂ ਸਿਰ ਵਿਚ ਵੜ ਵੀ ਗਿਆ ਲਗਦਾ ਹੈ...।

ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਪੀਣ ਦੀ ਸਜ਼ਾ ਦਿਤੀ ਗਈ ਕਿਉਂਕਿ ਦੋਸ਼ ਇਹ ਸੀ ਕਿ ਉਸ ਨੇ ਦੇਵਤਿਆਂ ਦਾ ਅਪਮਾਨ ਕੀਤਾ ਹੈ। ਉਸ ਨੂੰ ਕਿਹਾ ਗਿਆ ਕਿ ਉਹ ਕਹਿ ਦੇਵੇ ਕਿ ਦੇਵਤਿਆਂ ਤੋਂ ਉਪਰ ਕੋਈ ਸ਼ਕਤੀ ਨਹੀਂ ਹੁੰਦੀ (ਰੱਬ) ਅਤੇ ਦੇਵਤਿਆਂ ਕੋਲੋਂ ਮਾਫ਼ੀ ਮੰਗ ਲਵੇ। ਸੁਕਰਾਤ ਨੇ ਨਾਂਹ ਕਰ ਦਿਤੀ। ਉਸ ਨੂੰ ਜ਼ਹਿਰ ਦਾ ਪਿਆਲਾ ਪੀਣਾ ਪਿਆ। ਕੈਦਖ਼ਾਨੇ ਵਿਚ ਥੋੜੀ ਦੇਰ ਚਹਿਲ-ਕਦਮੀ ਕਰਨ ਮਗਰੋਂ ਉਹ ਲੇਟ ਗਿਆ। ਦਰੋਗ਼ਾ ਉਸ ਦਾ ਪ੍ਰੇਮੀ ਸੀ। ਉਹ ਉਸ ਦੀਆਂ ਲੱਤਾਂ ਘੁਟਣ ਲੱਗ ਪਿਆ ਤਾਕਿ ਆਖ਼ਰੀ ਵੇਲੇ ਸੁਕਰਾਤ ਔਖ ਨਾ ਮਹਿਸੂਸ ਕਰੇ। ਫਿਰ ਅਚਾਨਕ ਸੁਕਰਾਤ ਦੀਆਂ ਲੱਤਾਂ ਠੰਢੀਆਂ ਪੈ ਗਈਆਂ। ਦਰੋਗ਼ੇ ਨੇ ਸੁਕਰਾਤ ਦੇ ਗੋਡਿਆਂ 'ਤੇ ਜ਼ੋਰ ਨਾਲ ਕੋਈ ਚੀਜ਼ ਮਾਰੀ ਤੇ ਪੁਛਿਆ, "ਕੀ ਤੁਹਾਨੂੰ ਦਰਦ ਹੋਈ?"

ਸੁਕਰਾਤ ਨੇ ਕਿਹਾ, "ਨਹੀਂ।"

ਇਸ ਤੇ ਦਰੋਗ਼ੇ ਨੇ ਮੂੰਹ ਪਰਲੇ ਪਾਸੇ ਕਰ ਕੇ ਕਹਿ ਦਿਤਾ, "ਹੁਣ ਬੱਸ ਦੋ ਤਿੰਨ ਮਿੰਟ ਦੀ ਖੇਡ ਬਾਕੀ ਹੈ। ਜ਼ਹਿਰ ਉਪਰਲੇ ਧੜ ਤਕ ਪਹੁੰਚ ਗਿਆ ਹੈ ਤੇ ਦਿਲ ਤਕ ਪਹੁੰਚਦਿਆਂ ਹੀ, ਇਸ ਵਿਦਵਾਨ ਦੀ ਜਾਨ ਚਲੀ ਜਾਏਗੀ।" ਇਸੇ ਤਰ੍ਹਾਂ ਹੋਇਆ।

ਕਿਸੇ ਕੌਮ ਦੀ ਇੱਜ਼ਤ ਦੀ ਰਾਖੀ ਕਰਨ ਵਾਲੇ ਵਿਦਵਾਨਾਂ ਦੀ ਇੱਜ਼ਤ ਉਤੇ ਵੀ ਜਦ ਸਰਕਾਰਾਂ, ਪੁਜਾਰੀਆਂ ਅਤੇ ਵਿਰੋਧੀਆਂ ਦੇ ਹਮਲੇ ਹੋਣੇ ਸ਼ੁਰੂ ਹੋ ਜਾਣ ਤੇ ਕੌਮ ਅਪਣੇ ਖ਼ੈਰਖ਼ਾਹ ਵਿਦਵਾਨਾਂ ਦੀ ਪਿਠ 'ਤੇ ਖੜੀ ਹੋਣ ਤੋਂ ਵੀ ਝਿਜਕਦੀ ਨਜ਼ਰ ਆਵੇ ਤਾਂ ਸਮਝੋ ਇਹ ਉਸ ਹਾਲਤ ਵਿਚ ਹੀ ਪਹੁੰਚ ਚੁੱਕੀ ਹੈ ਜਿਸ ਵਿਚ ਸੁਕਰਾਤ ਉਸ ਵੇਲੇ ਪਹੁੰਚ ਚੁੱਕਾ ਸੀ ਜਦ ਜੇਲ ਦੇ ਦਰੋਗ਼ੇ ਨੇ ਉਸ ਦੇ ਗੋਡੇ ਉਤੇ ਹਥੌੜੀ ਮਾਰ ਕੇ ਵੇਖੀ ਸੀ। ਪਿਛੇ ਜਹੇ ਹੀ ਸ. ਇੰਦਰ ਸਿੰਘ ਘੱਗਾ ਨੇ 'ਰਖੜੀ ਕਿਉਂ ਨਹੀਂ ਬੰਨ੍ਹਣੀ ਚਾਹੀਦੀ', ਇਸ ਸਵਾਲ ਦਾ ਗੁਰਮਤਿ ਸਿਧਾਂਤ ਦੀ ਕਸਵਟੀ ਉਤੇ ਪਰਖ ਕਰ ਕੇ, ਜਵਾਬ ਦੇਂਦਾ ਇਕ ਤਿੰਨ ਸਾਲ ਪੁਰਾਣਾ ਲੇਖ, ਇਕ ਅਖ਼ਬਾਰ ਵਿਚ ਛਪਵਾਇਆ ਤਾਂ ਕੁੱਝ ਹਿੰਦੂ ਜਥੇਬੰਦੀਆਂ ਨੇ 'ਸਾਡੇ ਜਜ਼ਬਾਤ ਵਲੂੰਧਰੇ ਗਏ' ਕਹਿ ਕੇ ਦੋ ਦਿਨ ਰੌਲਾ ਕੀ ਪਾਇਆ, ਸਰਕਾਰ ਨੇ ਇਕ ਨਹੀਂ, ਤਿੰਨ-ਚਾਰ ਥਾਵਾਂ ਉਤੇ ਧਾਰਾ 295-ਏ ਅਧੀਨ, ਸ. ਘੱਗਾ ਉਤੇ ਕੇਸ ਪਾ ਦਿਤੇ। ਇਕ ਮਹੀਨੇ ਬਾਅਦ, ਸ. ਘੱਗਾ ਅੱਜ ਵੀ ਘਰੋਂ ਰੂਪੋਸ਼ ਹੋ ਕੇ ਗ੍ਰਿਫ਼ਤਾਰੀ ਤੋਂ ਬਚਦੇ ਪਏ ਹਨ। ਕੌਮ ਉਨ੍ਹਾਂ ਦੀ ਮਦਦ ਲਈ ਕਿੰਨੀ ਕੁ ਨਿਤਰੀ ਹੈ? ਸਿੱਖੀ ਅਸਲ ਵਿਚ ਪੁਰਾਤਨਤਾ ਵਿਰੁਧ ਬਗ਼ਾਵਤ 'ਚੋਂ ਨਿਕਲੀ ਸੀ ਤੇ ਜੇ ਵਿਦਵਾਨ ਇਹ ਵੀ ਨਹੀਂ ਦਸ ਸਕਦੇ ਕਿ ਸਿੱਖੀ ਨੇ ਕੀ, ਕਿਉਂ ਤੇ ਕਿਥੇ ਬਗ਼ਾਵਤ ਕੀਤੀ ਸੀ ਤਾਂ ਇਸ ਦਾ ਮਤਲਬ ਤਾਂ ਇਹ ਹੈ ਕਿ ਸਿੱਖੀ ਸਿਰਫ਼ 'ਵਾਹਿਗੁਰੂ ਵਾਹਿਗੁਰੂ' ਜਪਣ (ਅੱਖਾਂ ਮੁੰਦ ਕੇ ਜਾਂ ਖੁਲ੍ਹੀਆਂ ਰੱਖ ਕੇ) ਵਾਲੀ ਹੀ ਰਹਿ ਜਾਏਗੀ ਤੇ ਵਿਦਵਾਨਾਂ ਨੂੰ ਤਾਂ ਕੁੱਝ ਕਹਿਣ ਦੀ ਆਗਿਆ ਹੀ ਨਹੀਂ ਹੋਵੇਗੀ। ਪਿਛਲੇ 60-65 ਸਾਲਾਂ ਵਿਚ ਸਿੱਖ ਵਿਦਵਾਨ ਖੁਲ੍ਹ ਕੇ ਅਪਣੀ ਗੱਲ ਕਰਦੇ ਰਹੇ ਹਨ ਪਰ ਅਕਾਲੀ ਸਰਕਾਰ ਜਦ ਦੀ ਬੀਜੇਪੀ ਅਤੇ ਬਾਬਿਆਂ ਉਤੇ ਨਿਰਭਰ ਹੋਈ ਹੈ, ਅਸਲ ਸਿੱਖੀ ਦੀ ਵਿਆਖਿਆ ਕਰਨ ਵਾਲਿਆਂ 'ਤੇ ਵੀ 295-ਏ ਲੱਗ ਜਾਂਦੀ ਹੈ। ਇਸ ਤੋਂ ਮਾੜੀ ਹਾਲਤ ਹੋਰ ਕੀ ਹੈ

ਈਸਾਈ ਪ੍ਰਚਾਰਕ ਨੂੰ ਸਮਝਾਉਣ ਵਾਲੀ ਸ਼ੈਲੀ ਵਿਚ ਰਖਿਆ ਹੈ। ਕਿਸੇ ਨੇ ਪੁਸਤਕ ਬਾਰੇ ਕਦੇ ਕੋਈ ਇਤਰਾਜ਼ ਨਹੀਂ ਸੀ ਕੀਤਾ। ਪਰ ਹੁਣ ਚੋਣਾਂ ਅਤੇ ਵੋਟਾਂ ਦਾ ਮੌਸਮ ਹੈ, ਸੋ ਜਿਹੜਾ ਕੋਈ ਚਾਹੇ, ਸਿੱਖੀ ਦੀ ਗੱਲ ਕਰਨ ਵਾਲੇ ਕਿਸੇ ਵਿਦਵਾਨ ਉਤੇ ਵੀ, ਇਹ ਇਲਜ਼ਾਮ ਲਾ ਕੇ ਕਿ ਉਸ ਨੇ "ਸਾਡੇ ਜਜ਼ਬਾਤ ਤੇ ਸੱਟ ਮਾਰੀ ਹੈ", ਉਸ ਨੂੰ 295-ਏ ਅਧੀਨ, ਜੇਲ ਵਿਚ ਸੁਟਵਾ ਸਕਦਾ ਹੈ ਕਿਉਂਕਿ ਉਸ ਕੋਲ ਉਹ ਵੋਟਾਂ ਹਨ ਜੋ ਅਕਾਲੀ ਸਰਕਾਰ ਦੇ ਪਾਵਿਆਂ ਦੀਆਂ ਚੂਲਾਂ ਹਨ ਤੇ ਇਨ੍ਹਾਂ ਚੂਲਾਂ ਬਿਨਾਂ ਸਰਕਾਰ ਦੀ ਗੱਦੀ ਢਹਿ ਸਕਦੀ ਹੈ।

ਦੁਨੀਆਂ ਨੇ ਵਿਚਾਰ ਦੇ ਖੇਤਰ ਵਿਚ ਜਿੰਨੀ ਵੀ ਤਰੱਕੀ ਕੀਤੀ ਹੈ, ਉਹ ਬੀਤੇ ਦੀ ਆਲੋਚਨਾ ਕਰ ਕੇ ਤੇ ਬੀਤੇ ਦੀਆਂ ਮਨੌਤਾਂ ਨੂੰ ਰੱਦ ਕਰ ਕੇ ਕੀਤੀ ਹੈ। ਹਜ਼ਰਤ ਈਸਾ ਨੇ ਜਾਨ ਦੇ ਕੇ ਵੀ ਨਵੇਂ ਯੁਗ ਦੀ ਗੱਲ ਸੁਣਾਉਣੀ ਬੰਦ ਨਹੀਂ ਸੀ ਕੀਤੀ ਹਾਲਾਂਕਿ ਪੁਰਾਤਨਤਾ ਦੇ ਚੌਧਰੀਆਂ ਨੂੰ ਹਜ਼ਰਤ ਈਸਾ ਦੀਆਂ ਗੱਲਾਂ ਸੁਣ ਕੇ ਬੜੀ ਤਕਲੀਫ਼ ਹੁੰਦੀ ਸੀ ਤੇ ਉਨ੍ਹਾਂ ਦੇ ਜਜ਼ਬਾਤ ਮਜਰੂਹ ਹੁੰਦੇ ਸਨ। ਜਿਹੜੇ ਅੱਜ ਵੀ ਹਰ ਪ੍ਰਕਾਰ ਦੀ ਆਲੋਚਨਾ ਬੰਦ ਕਰਨਾ ਚਾਹੁੰਦੇ ਹਨ, ਉਹ ਜ਼ਮਾਨੇ ਦੀ ਤਰੱਕੀ ਨੂੰ ਬੰਦ ਕਰਨਾ ਹੀ ਲੋਚਦੇ ਹਨ। ਜੇ ਸੁਕਰਾਤ, ਈਸਾ, ਹਜ਼ਰਤ ਮੁਹੰਮਦ ਤੇ ਨਾਨਕ ਵਰਗੇ ਮਹਾਂਪੁਰਖ, ਬੀਤੇ ਦੀ ਆਲੋਚਨਾ ਨਾ ਕਰਦੇ ਤਾਂ ਅੱਜ ਇਨਸਾਨ, ਪੱਥਰ ਯੁਗ ਦੀ ਸੋਚ ਲੈ ਕੇ ਹੀ ਬੈਠਾ ਹੋਣਾ ਸੀ। ਪਰ ਜਿਹੜੇ ਲੋਕ ਅਜੇ ਵੀ ਬੀਤੇ ਯੁਗ ਦੀ ਸੋਚ ਨੂੰ ਪਸੰਦ ਕਰਦੇ ਹਨ, ਕਰੀ ਜਾਣ---ਅਸੀ ਨਹੀਂ ਕਹਾਂਗੇ ਕਿ ਉਨ੍ਹਾਂ ਵਲੋਂ ਅੰਧ-ਵਿਸ਼ਵਾਸ ਅਤੇ ਪੁਰਾਤਨਤਾ ਦੀ ਪੂਜਾ ਨਾਲ ਸਾਡੇ ਜਜ਼ਬਾਤ ਜ਼ਖ਼ਮੀ ਹੁੰਦੇ ਹਨ----ਉਹ ਵੀ ਨਵੇਂ ਯੁਗ ਦੀ ਸੋਚ ਦਾ ਪ੍ਰਚਾਰ ਕਰਨ ਤੋਂ ਦੁਖੀ ਹੋਣਾ ਬੰਦ ਕਰ ਦੇਣ। ਇਸ ਤਰ੍ਹਾਂ ਹੀ ਆਪਸੀ ਪਿਆਰ ਵਿਚ ਬੈਠੀ ਸ਼ਹਿ-ਹੋਂਦ ਬਣੀ ਰਹਿ ਸਕੇਗੀ।

ਵੋਟਾਂ ਦੇ ਮੌਸਮ ਦਾ ਫ਼ਾਇਦਾ ਉਠਾਣ ਵਾਲਿਆਂ ਵਲੋਂ 'ਸਾਡੇ ਜਜ਼ਬਾਤ ਜ਼ਖ਼ਮੀ ਕਰ ਦਿਤੇ' ਕਹਿ ਕੇ ਨਵੇਂ ਯੁਗ ਦੀ ਸੋਚ ਦਾ ਪ੍ਰਚਾਰ ਕਰਨ ਵਾਲਿਆਂ ਨੂੰ ਜੇਲਾਂ ਵਿਚ ਸੁਟਵਾ ਦੇਣ ਵਾਲਿਆਂ ਨੂੰ ਤਾਂ ਅਸੀ ਬਹੁਤਾ ਕੁੱਝ ਨਹੀਂ ਕਹਿ ਸਕਦੇ ਕਿਉਂਕਿ ਉਨ੍ਹਾਂ ਸਾਡੀ ਸੁਣਨੀ ਹੀ ਨਹੀਂ ਪਰ ਕੰਨ ਖਜੂਰੇ ਦੀ ਮਾਰ ਹੇਠ ਆਈ ਹੋਈ ਕੌਮ ਨੂੰ ਜ਼ਰੂਰ ਪੁਛਣਾ ਹੈ ਕਿ ਤੁਸੀ ਸਿੱਖੀ ਦੇ ਹੱਕ ਵਿਚ ਡਟਣ ਵਾਲਿਆਂ ਦੀ ਪਿਠ ਤੇ ਕਦੋਂ ਖੜੇ ਹੋਵੋਗੇ? ਤੁਸੀ ਤਾਂ ਉਦੋਂ ਵੀ ਨਹੀਂ ਸੀ ਖੜੇ ਹੋਏ ਜਦ ਪ੍ਰੋ. ਗੁਰਮੁਖ ਸਿੰਘ ਤੇ ਗਿ. ਦਿਤ ਸਿੰਘ ਨੂੰ ਅੱਡੀਆਂ ਰਗੜ ਰਗੜ ਕੇ, ਭੁੱਖ ਅਤੇ ਬੀਮਾਰੀ ਕਾਰਨ ਜਾਨ ਦੇਣੀ ਪੈ ਰਹੀ ਸੀ। ਤੁਸੀ ਪੁਜਾਰੀਆਂ ਤੋਂ ਡਰਦਿਆਂ, ਉਨ੍ਹਾਂ ਦੇ ਨੇੜੇ ਵੀ ਨਹੀਂ ਸੀ ਢੁਕੇ। ਚਲੋ ਉਹ ਬੀਤੇ ਦੀ ਗੱਲ ਹੈ ਤਾਂ ਅੱਜ ਪ੍ਰੋ. ਇੰਦਰ ਸਿੰਘ ਘੱਗਾ ਤੇ ਸ. ਯਸ਼ਪਾਲ ਸਿੰਘ ਦੇ ਹੱਕ ਵਿਚ ਕਿੰਨੇ ਕੁ ਖੜੇ ਹੋਏ ਹੋ? ਅਨੇਕਾਂ ਅਕਾਲੀ ਦਲ ਹਨ, ਅਨੇਕਾਂ ਪੰਥਕ ਜਥੇਬੰਦੀਆਂ ਹਨ, ਸਿੱਖੀ ਦੇ ਨਾਂ ਤੇ ਕਮਾਈਆਂ ਕਰਨ ਵਾਲੇ ਅਨੇਕਾਂ ਪ੍ਰਚਾਰਕ ਹਨ, ਰਾਗੀ ਹਨ, ਕਥਾਕਾਰ ਹਨ, ਸਟੇਜਾਂ ਤੇ ਬੋਲਣ ਵਾਲੇ ਵਿਦਵਾਨ ਹਨ, ਸਿੱਖੀ ਦਾ ਫ਼ਲਸਫ਼ਾ ਸਮਝਾਉਣ ਵਾਲੇ ਲੇਖਕ ਹਨ, ਕੈਸਿਟਾਂ ਬਣਾ ਕੇ ਸਿੱਖੀ ਦੇ ਗੁਣ ਗਾਣ ਕਰਨ ਵਾਲੇ ਹਨ, ਪੱਤਰਕਾਰ ਹਨ, ਕਵੀ ਹਨ, ਜਥੇਦਾਰ ਹਨ----ਇਨ੍ਹਾਂ ਸਾਰਿਆਂ ਨੂੰ ਸਿੱਖੀ ਦਾ ਝੰਡਾ ਚੁੱਕਣ ਵਾਲੇ ਅਤੇ ਸਿੱਖ ਫ਼ਲਸਫ਼ੇ ਨੂੰ ਸਪੱਸ਼ਟ ਕਰਨ

> ਮਰੀ ਹੋਈ ਜਾਂ ਮਰ ਰਹੀ ਕੌਮ ਦੀਆਂ ਨਿਸ਼ਾਨੀਆਂ ਹਨ ਇਹ। ਗੋਡਿਆਂ ਤੋਂ ਉਪਰ ਜ਼ਹਿਰ ਚਲਾ ਗਿਆ ਹੈ। ਕੰਨ ਖਜੂਰਾ ਕੰਨ ਮੱਲੀ ਬੈਠਾ ਹੈ। ਪੈਸਾ ਰੱਬ ਨੇ ਰੱਜ ਕੇ ਦਿਤਾ ਹੈ ਪਰ ਬਾਬੇ ਨਾਨਕ ਦਾ 'ਉੱਚਾ ਦਰ' ਬਣਾਉਣ ਲਈ 10 ਹਜ਼ਾਰ ਦੇਣ ਵਾਲੇ 10 ਹਜ਼ਾਰ ਸਿੱਖ ਵੀ ਨਹੀਂ ਨਿਤਰਦੇ। ਬਾਕੀ ਗੱਲਾਂ ਤਾਂ ਛੱਡੋ, ਜਿਹੜੀ ਕੌਮ, ਸਿੱਖ ਫ਼ਲਸਫ਼ੇ ਦੀ ਢਾਲ ਬਣਨ ਕਾਰਨ ਫਸਾਏ ਗਏ ਵਿਦਵਾਨਾਂ ਦੇ ਪਿੱਛੇ ਵੀ ਇਕ ਹੋ ਕੇ ਨਾ ਖਲੋਵੇ ਤੇ ਉਨ੍ਹਾਂ ਗ਼ਰੀਬਾਂ ਨੂੰ ਅਪਣੀ ਲੜਾਈ ਆਪ ਲੜਨ ਲਈ ਛੱਡ ਦੇਵੇ, ਉਸ ਦਾ ਭਵਿੱਖ ਧੁੰਦਲਾ ਪੈ ਜਾਣਾ ਯਕੀਨੀ ਹੈ। ਪਹਿਲਾਂ ਵੀ, ਵਿਦਵਾਨ, ਪੂਰੀ ਤਰ੍ਹਾਂ ਕੌਮ ਦਾ ਵਿਹੜਾ ਛੱਡ ਗਏ ਹੋਏ ਹਨ। ਪੰਜਾਬੀ ਅਖ਼ਬਾਰਾਂ 'ਚੋਂ ਵੀ ਸਪੋਕਸਮੈਨ ਨੂੰ ਛੱਡ ਕੇ, ਕੋਈ ਹੋਰ ਵੱਡਾ ਅਖ਼ਬਾਰ ਸਿੱਖਾਂ ਅਤੇ ਸਿੱਖੀ ਦੀ ਪੀੜ ਨੂੰ ਅਪਣੀ ਪੀੜ ਨਹੀਂ ਬਣਾਉਂਦਾ। ਹਾਲਤ ਸਚਮੁਚ ਹੀ ਡਾਢੀ ਨਿਰਾਸ਼ਾ ਵਾਲੀ ਹੈ। ਜੇ ਕੌਮ ਨੇ ਅਪਣੇ ਖ਼ੈਰ-ਖ਼ਵਾਹਾਂ, ਅਪਣੇ ਵਿਦਵਾਨਾਂ ਤੇ ਅਪਣੇ ਬੁਧੀਜੀਵੀਆਂ ਨੂੰ ਵੀ ਸ਼ਿਕਾਰੀਆਂ ਦਾ ਸ਼ਿਕਾਰ ਬਣਦਿਆਂ ਵੇਖ, ਚੁੱਪੀ ਧਾਰਨ ਕਰੀ ਰਖਣੀ ਹੈ ਤਾਂ ਭਵਿੱਖ ਬਾਰੇ ਚੰਗਾ ਕੁੱਝ ਵੀ ਨਹੀਂ ਸੋਚਿਆ ਜਾ ਸਕੇਗਾ।

ਹਰਮੋਹਿੰਦਰ ਸਿੰਘ ਦੇ ਘਰ ਮੀਟਿੰਗ ਬੁਲਾਈ ਗਈ ਤਾਂ ਗਿ. ਕੇਵਲ ਸਿੰਘ ਦੇ ਇਹ ਕਹਿਣ ਮਗਰੋਂ ਕਿ 'ਘੱਗਾ ਦੀ ਮਦਦ ਕਰ ਕੇ ਅਸੀ ਅਪਣਾ ਮਿਸ਼ਨਰੀ ਕਾਲਜ ਬੰਦ ਕਰਵਾ ਲਈਏ?', ਇਕ ਇਕ ਕਰ ਕੇ ਬਹੁਤੇ ਖਿਸਕ ਗਏ ਤੇ ਪ੍ਰੋ. ਘੱਗਾ ਨੂੰ ਇਕੱਲਿਆਂ ਲੜਨ ਜੋਗਾ ਛੱਡ ਗਏ। ਉਨ੍ਹਾਂ ਹੀ ਦਸਿਆ ਕਿ ਰਾਜੋਆਣਾ ਦੇ ਮਾਮਲੇ ਤੇ ਵੀ ਚਾਰ ਇਸ਼ਤਿਹਾਰ, ਅਖ਼ਬਾਰਾਂ ਵਿਚ ਦੇਣ ਦਾ ਫ਼ੁਰਮਾਨ ਤਾਂ ਸਾਰਿਆਂ ਨੇ ਕਰ ਦਿਤਾ ਪਰ ਅੱਜ ਤਕ ਉਨ੍ਹਾਂ ਦੇ ਪੈਸੇ ਕਿਸੇ ਨੇ ਨਹੀਂ ਦਿਤੇ ਤੇ ਸਾਰਾ ਖ਼ਰਚਾ ਜਾਚਕ ਜੀ ਤੇ ਪੈ ਗਿਆ। ਇਥੇ ਤਾਂ ਗਰਮ ਬੋਲ ਬੋਲ ਕੇ ਲੀਡਰ ਬਣਨ ਦੀ ਦੌੜ ਸ਼ੁਰੂ ਹੋ ਜਾਂਦੀ ਹੈ ਤੇ ਫਿਰ ਸੱਭ ਕੁੱਝ ਅਚਾਨਕ ਠਾਹ ਕਰ ਕੇ ਬੰਦ!!!

ਮੈਂ ਅਪਣੀ ਗੱਲ ਬਹੁਤੀ ਨਹੀਂ ਕਰਦਾ। ਜਦੋਂ 295-ਏ ਮੇਰੇ ਉਤੇ ਲਾ ਕੇ (ਵੋਟਾਂ ਕਾਰਨ ਹੀ) ਮੇਰੀ ਜ਼ਮਾਨਤ ਅੱਠ ਮਹੀਨੇ ਤਕ ਨਹੀਂ ਸੀ ਹੋਣ ਦਿਤੀ ਗਈ ਤੇ ਤਿੰਨ ਮਹੀਨੇ ਮੈਨੂੰ ਪੰਜਾਬ ਤੋਂ ਬਾਹਰ ਜਾ ਕੇ ਰਹਿਣਾ ਪਿਆ ਸੀ ਤਾਂ ਕੋਈ ਵੀ ਮੇਰੇ ਘਰ ਮਦਦ ਦੀ ਪੇਸ਼ਕਸ਼ ਲੈ ਕੇ ਨਹੀਂ ਸੀ ਆਇਆ। ਸਾਡੇ ਪੱਤਰਕਾਰ ਕੋਸ਼ਿਸ਼ ਕਰਦੇ ਸਨ ਤਾਂ ਜਿਹੜੇ ਹਰ ਰੋਜ਼ "ਮਾਣ ਨਾਲ" ਸਾਡੇ ਕੋਲੋਂ ਪਹਿਲੇ ਜਾਂ ਤੀਜੇ ਪੰਨੇ ਤੇ ਬਿਆਨ ਲਗਵਾਉਂਦੇ ਰਹੇ ਸਨ, ਉਹ ਬਿਆਨ ਜਾਰੀ ਕਰਨ ਤੋਂ ਵੀ ਨਾਂਹ ਕਰ ਜਾਂਦੇ ਸਨ। ਪਰ ਜਿਸ ਕੌਮ ਨੇ ਗਿ. ਦਿਤ ਸਿੰਘ ਵਰਗਿਆਂ ਨੂੰ ਇਕ ਮੁਸਲਮਾਨ ਹਕੀਮ ਦੇ ਰਹਿਮ ਤੇ ਸੁਟ ਦਿਤਾ ਸੀ ਤੇ ਉਸ ਨੂੰ ਦਵਾਈ ਜੋਗੇ ਪੈਸੇ ਵੀ ਨਹੀਂ ਸਨ ਦਿਤੇ, ਉਸ ਨਾਲ ਗਿਲਾ ਕਾਹਦਾ?

ਮਰੀ ਹੋਈ ਜਾਂ ਮਰ ਰਹੀ ਕੌਮ ਦੀਆਂ ਨਿਸ਼ਾਨੀਆਂ ਹਨ ਇਹ। ਗੋਡਿਆਂ ਤੋਂ ਉਪਰ ਜ਼ਹਿਰ ਚਲਾ ਗਿਆ ਹੈ। ਕੰਨ ਖਜੂਰਾ ਕੰਨ ਮੱਲੀ ਬੈਠਾ ਹੈ। ਪੈਸਾ ਰੱਬ ਨੇ ਰੱਜ ਕੇ ਦਿਤਾ ਹੈ ਪਰ ਬਾਬੇ ਨਾਨਕ ਦਾ 'ਉੱਚਾ ਦਰ' ਬਣਾਉਣ ਲਈ 10 ਹਜ਼ਾਰ ਦੇਣ ਵਾਲੇ 10 ਹਜ਼ਾਰ ਸਿੱਖ ਵੀ ਨਹੀਂ ਨਿਤਰਦੇ। ਬਾਕੀ ਗੱਲਾਂ ਤਾਂ ਛੱਡੋ, ਜਿਹੜੀ ਕੌਮ, ਸਿੱਖ ਫ਼ਲਸਫ਼ੇ ਦੀ ਢਾਲ ਬਣਨ ਕਾਰਨ ਫਸਾਏ ਗਏ ਵਿਦਵਾਨਾਂ ਦੇ ਪਿੱਛੇ ਵੀ ਇਕ ਹੋ ਕੇ ਨਾ ਖਲੋਵੇ ਤੇ ਉਨ੍ਹਾਂ ਨੂੰ ਅਪਣੀ ਲੜਾਈ

ਸੁਕਰਾਤ ਤੇ ਸਿੱਖ



ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਪੀਣ ਦੀ ਸਜ਼ਾ ਦਿਤੀ ਗਈ ਕਿਉਂਕਿ ਦੋਸ਼ ਇਹ ਸੀ ਕਿ ਉਸ ਨੇ ਦੇਵਤਿਆਂ ਦਾ ਅਪਮਾਨ ਕੀਤਾ ਹੈ। ਉਸ ਨੂੰ ਕਿਹਾ ਗਿਆ ਕਿ ਉਹ ਕਹਿ ਦੇਵੇ ਕਿ ਦੇਵਤਿਆਂ ਤੋਂ ਉਪਰ ਕੋਈ ਸ਼ਕਤੀ ਨਹੀਂ ਹੁੰਦੀ (ਰੱਬ) ਅਤੇ ਦੇਵਤਿਆਂ ਕੋਲੋਂ ਮਾਫ਼ੀ ਮੰਗ ਲਵੇ। ਸੁਕਰਾਤ ਨੇ ਨਾਂਹ ਕਰ ਦਿਤੀ। ਉਸ ਨੂੰ ਜ਼ਹਿਰ ਦਾ ਪਿਆਲਾ ਪੀਣਾ ਪਿਆ। ਕੈਦਖ਼ਾਨੇ ਵਿਚ ਥੋੜੀ ਦੇਰ ਚਹਿਲ-ਕਦਮੀ ਕਰਨ ਮਗਰੋਂ ਉਹ ਲੇਟ ਗਿਆ। ਦਰੋਗ਼ਾ ਉਸ ਦਾ ਪ੍ਰੇਮੀ ਸੀ। ਉਹ ਉਸ ਦੀਆਂ ਲੱਤਾਂ ਘੁਟਣ ਲੱਗ ਪਿਆ ਤਾਕਿ ਆਖ਼ਰੀ ਵੇਲੇ ਸੁਕਰਾਤ ਔਖ ਨਾ ਮਹਿਸੂਸ ਕਰੇ। ਫਿਰ ਅਚਾਨਕ ਸੁਕਰਾਤ ਦੀਆਂ ਲੱਤਾਂ ਠੰਢੀਆਂ ਪੈ ਗਈਆਂ। ਦਰੋਗ਼ੇ ਨੇ ਸੁਕਰਾਤ ਦੇ ਗੋਡਿਆਂ 'ਤੇ ਜ਼ੋਰ ਨਾਲ ਕੋਈ ਚੀਜ਼ ਮਾਰੀ ਤੇ ਪੁਛਿਆ, "ਕੀ ਤੁਹਾਨੂੰ ਦਰਦ ਮਹਿਸੂਸ ਹੋਈ?"

ਸੁਕਰਾਤ ਨੇ ਕਿਹਾ, "ਨਹੀਂ।"

ਇਸ ਤੇ ਦਰੋਗ਼ੇ ਨੇ ਮੂੰਹ ਪਰਲੇ ਪਾਸੇ ਕਰ ਕੇ ਕਹਿ ਦਿਤਾ, "ਹੁਣ ਬੱਸ ਦੋ ਤਿੰਨ ਮਿੰਟ ਦੀ ਖੇਡ ਬਾਕੀ ਹੈ। ਜ਼ਹਿਰ ਉਪਰਲੇ ਧੜ ਤਕ ਪਹੁੰਚ ਗਿਆ ਹੈ ਤੇ ਦਿਲ ਤਕ ਪਹੁੰਚਦਿਆਂ ਹੀ, ਇਸ ਵਿਦਵਾਨ ਦੀ ਜਾਨ ਚਲੀ ਜਾਏਗੀ।" ਇਸੇ ਤਰ੍ਹਾਂ ਹੋਇਆ।

ਕਿਸੇ ਕੌਮ ਦੀ ਇੱਜ਼ਤ ਦੀ ਰਾਖੀ ਕਰਨ ਵਾਲੇ ਵਿਦਵਾਨਾਂ ਦੀ ਇੱਜ਼ਤ ਉਤੇ ਵੀ ਜਦ ਸਰਕਾਰਾਂ, ਪੁਜਾਰੀਆਂ ਅਤੇ ਵਿਰੋਧੀਆਂ ਦੇ ਹਮਲੇ ਹੋਣੇ ਸ਼ੁਰੂ ਹੋ ਜਾਣ ਤੇ ਕੌਮ ਅਪਣੇ ਖ਼ੈਰਖ਼ਾਹ ਵਿਦਵਾਨਾਂ ਦੀ ਪਿਠ 'ਤੇ ਖੜੀ ਹੋਣ ਤੋਂ ਵੀ ਝਿਜਕਦੀ ਨਜ਼ਰ ਆਵੇ ਤਾਂ ਸਮਝੋ ਇਹ ਉਸ ਹਾਲਤ ਵਿਚ ਹੀ ਪਹੁੰਚ ਚੁੱਕੀ ਹੈ ਜਿਸ ਵਿਚ ਸੁਕਰਾਤ ਉਸ ਵੇਲੇ ਪਹੁੰਚ ਚੁੱਕਾ ਸੀ ਜਦ ਜੇਲ ਦੇ ਦਰੋਗ਼ੇ ਨੇ ਉਸ ਦੇ ਗੋਡੇ ਉਤੇ ਹਥੌੜੀ ਮਾਰ ਕੇ ਵੇਖੀ ਸੀ।